WCB FACTS 2017

# ਕੈਨੇਡਾ ਪੈਨਸ਼ਨ ਪਲਾਨ (CPP) ਅਯੋਗਤਾ ਫਾਇਦੇ

**CPP ਅਯੋਗਤਾ ਫਾਇਦੇ ਕੀ ਹਨ?**

CPP ਅਯੋਗਤਾ ਫਾਇਦੇ ਉਹਨਾਂ CPP ਯੋਗਦਾਨਕਰਤਾਵਾਂ ਨੂੰ ਅਦਾ ਕੀਤੇ ਜਾਣ ਵਾਲੇ ਮਾਸਿਕ ਫਾਇਦੇ ਹੁੰਦੇ ਹਨ ਜੋ ਕਿਸੇ ਗੰਭੀਰ ਅਤੇ ਲੰਮੀ ਦੇਰ ਤੋਂ ਹੋਣ ਵਾਲੀ ਸਰੀਰਕ ਅਤੇ/ਜਾਂ ਮਾਨਸਿਕ ਅਯੋਗਤਾ ਕਾਰਣ ਕਿਸੇ ਨੌਕਰੀ ਤੇ ਨਿਯਮਿਤ ਤੌਰ ਤੇ ਕੰਮ ਨਹੀਂ ਕਰ ਸਕਦੇ।

**WCB ਅਤੇ CPP ਫਾਇਦੀਆਂ ਨੂੰ ਇੱਕ ਹੀ ਵੇਲੇ ਪ੍ਰਾਪਤ ਕਰਨ ਦੇ ਸੰਭਾਵੀ ਲਾਭ ਕੀ ਹਨ?**

ਤੁਹਾਡੀ ਸਮੁੱਚੀ ਮਾਸਿਕ ਆਮਦਨੀ ਅਕਸਰ ਜ਼ਿਆਦਾ ਹੁੰਦੀ ਹੈ। ਨਾਲ ਹੀ, ਜੇ ਤੁਸੀਂ ਇਕ ਅਯੋਗਤਾ ਫਾਇਦੇ ਲਈ ਮਨਜ਼ੂਰ ਕੀਤੇ ਜਾਂਦੇ ਹੋ ਤਾਂ ਤੁਹਾਡੇ ਤੇ ਨਿਰਭਰ ਬੱਚੇ CPP ਵਲੋਂ ਬੱਚਿਆਂ ਦੇ ਮਾਸਿਕ ਫਾਇਦੇ ਲਈ ਪਾਤਰ ਬਣ ਸਕਦੇ ਹਨ। ਬੱਚਿਆਂ ਦੇ ਮਾਸਿਕ ਫਾਇਦੇ ਦਾ ਤੁਹਾਡੇ WCB ਮਜ਼ਦੂਰੀ ਨੁਕਸਾਨ ਫਾਇਦੀਆਂ ਉੱਤੇ ਕੋਈ ਅਸਰ ਨਹੀਂ ਹੁੰਦਾ। ਤੁਹਾਡੇ CPP ਰੀਟਾਇਰਮੈਂਟ ਫਾਇਦੀਆਂ ਦੇ ਵੀ ਵੱਧ ਹੋਣ ਦੀ ਸੰਭਾਵਨਾ ਹੋਵੇਗੀ ਜੇ ਤੁਸੀਂ 65 ਸਾਲ ਦੀ ਉਮਰ ਤੋਂ ਪਹਿਲਾਂ CPP ਅਯੋਗਤਾ ਫਾਇਦੇ ਪ੍ਰਾਪਤ ਕਰਦੇ ਹੋ।

**ਕੀ CPP ਅਯੋਗਤਾ ਫਾਇਦੇ ਟੈਕਸ ਯੋਗ ਹੁੰਦੇ ਹਨ?**

ਕੀ CPP ਅਯੋਗਤਾ ਫਾਇਦੇ ਟੈਕਸ ਯੋਗ ਹੁੰਦੇ ਹਨ? ਹਾਲਾਂਕਿ, ਜੇ ਸਿਰਫ਼ ਇਹੀ ਤੁਹਾਡੀ ਟੈਕਸ ਲਗਾਉਣ ਯੋਗ ਆਮਦਨ ਹੈ ਤਾਂ ਸੂਬਾਈ ਅਤੇ ਸੰਘੀ ਦੋਵੇਂ ਟੈਕਸਾਂ ਉੱਤੇ ਆਧਾਰੀ ਨਿਜੀ ਟੈਕਸ ਕ੍ਰੈਡਿਟ ਕਾਰਣ ਟੈਕਸ ਉਲਝਣਾਂ ਨੂੰ ਘਟਾਉਣਾ ਚਾਹੀਦਾ ਹੈ।

**CPP ਅਯੋਗਤਾ ਨੂੰ ਇਕੱਠਾ ਕਰਨ ਦਾ ਮੇਰੇ WCB ਮਜ਼ਦੂਰੀ ਨੁਕਸਾਨ ਫਾਇਦੀਆਂ ਤੇ ਕੀ ਅਸਰ ਪੈਂਦਾ ਹੈ?**

CPP ਅਯੋਗਤਾ ਫਾਇਦੀਆਂ ਨੂੰ ਇਕ ਅਪ੍ਰਤੱਖ ਫਾਇਦਾ ਮੰਨਿਆ ਜਾਂਦਾ ਹੈ, ਜਿਸ ਦਾ ਮਤਲਬ ਹੈ ਕਿ ਤੁਸੀਂ ਕੰਮ ਨਾਲ ਸਬੰਧਤ ਸਮਾਨ ਸੱਟ ਜਾਂ ਬੀਮਾਰੀ ਲਈ WCB ਅਤੇ CPP ਅਯੋਗਤਾ ਫਾਇਦੀਆਂ ਤੋਂ ਮਜ਼ਦੂਰੀ ਨੁਕਸਾਨ ਫਾਇਦੇ ਪ੍ਰਾਪਤ ਨਹੀਂ ਕਰ ਸਕਦੇ। WCB ਤੁਹਾਡੇ ਮਜ਼ਦੂਰੀ ਨੁਕਸਾਨ ਫਾਇਦੀਆਂ ਨੂੰ ਸਮਾਯੋਜਿਤ ਕਰੇਗਾ। ਹਾਲਾਂਕਿ, ਹਰ

ਮਹੀਨੇ ਦੋਵੇਂ ਫਾਇਦੀਆਂ ਦੀ ਰਲੀ-ਮਿਲੀ ਕੁੱਲ ਰਕਮ ਆਮ ਤੌਰ ਤੇ ਉਸ ਰਕਮ ਤੋਂ ਵੱਧ ਹੁੰਦੀ ਹੈ ਜੋ ਤੁਸੀਂ ਉਦੋਂ ਪ੍ਰਾਪਤ ਕਰਨੀ ਸੀ ਜੇ ਤੁਸੀਂ ਸਿਰਫ਼ WCB ਭੱਤਾ ਨੁਕਸਾਨ ਫਾਇਦੇ ਇਕੱਤਰ ਕਰ ਰਹੇ ਹੋਵੋ।

ਜੇ ਤੁਹਾਨੂੰ CPP ਅਯੋਗਤਾ ਫਾਇਦੀਆਂ ਲਈ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ ਤੁਹਾਡੇ ਅਧਿਕਾਰ ਨੂੰ ਉਚੇਚੇ ਤੌਰ ਤੇ ਪਿਛਲੀ ਮਿਤੀ ਤੇ ਲਿਆਇਆ ਜਾਵੇਗਾ ਅਤੇ ਉਹ ਮਿਆਦ ਸ਼ਾਮਲ ਕੀਤੀ ਜਾਏਗੀ ਜਦੋਂ ਤੁਸੀਂ ਪਿਛਲੀ ਵਾਰ WCB ਮਜ਼ਦੂਰੀ ਨੁਕਸਾਨ ਫਾਇਦੇ ਪ੍ਰਾਪਤ ਕੀਤੇ ਸਨ। ਇਸ ਦਾ ਮਤਲਬ ਹੈ ਕਿ ਲੋੜ ਤੋਂ ਵੱਧ ਭੁਗਤਾਨ ਕਾਰਨ ਹੋਈ ਹਾਨੀ ਦੀ ਪੂਰਤੀ ਲਈ ਤੁਹਾਨੂੰ CPP ਅਯੋਗਤਾ ਵਾਲੇ ਤੁਹਾਡੇ ਸ਼ੁਰੂਆਤੀ ਚੈੱਕ ਦੀ ਵਰਤੋਂ ਕਰਨ ਦੀ ਲੋੜ ਹੋ ਸਕਦੀ ਹੈ

ਜੇ CPP ਅਯੋਗਤਾ ਲਈ ਤੁਹਾਡੀ ਪਾਤਰਤਾ ਇਕਮਾਤਰ ਤੌਰ ਤੇ ਕੰਮ ਨਾਲ ਸਬੰਧਤ ਸੱਟ ਜਾਂ ਬੀਮਾਰੀ ਦੇ ਨਤੀਜੇ ਵਜੋਂ ਨਹੀਂ ਹੋਈ ਹੈ, ਤਾਂ WCB ਤੁਹਾਡੇ WCB ਮਜ਼ਦੂਰੀ ਨੁਕਸਾਨ ਫਾਇਦੀਆਂ ਦਾ ਸਮਾਯੋਜਨ ਕਰਨ ਲਈ ਤੁਹਾਡੇ CPP ਅਯੋਗਤਾ ਫਾਇਦੇ ਦੇ ਸਿਰਫ਼ ਇਕ ਹਿੱਸੇ ਦੀ ਵਰਤੋਂ ਕਰ ਸਕਦਾ ਹੈ ਜਿਸ ਦੇ ਨਤੀਜੇ ਵਜੋਂ ਤੁਹਾਡੇ ਲਈ ਜ਼ਿਆਦਾ ਪੈਸਾ ਪ੍ਰਾਪਤ ਹੋਵੇਗਾ।

**CPP ਅਯੋਗਤਾ ਨੂੰ ਇਕੱਠਾ ਕਰਨ ਦਾ ਮੇਰੇ CPP ਮਜ਼ਦੂਰੀ ਨੁਕਸਾਨ ਫਾਇਦੀਆਂ ਤੇ ਕੀ ਅਸਰ ਪੈਂਦਾ ਹੈ?**

ਤੁਹਾਡੇ CPP ਰੀਟਾਇਰਮੈਂਟ ਫਾਇਦੀਆਂ ਦੇ ਵੱਧ ਹੋਣ ਦੀ ਸੰਭਾਵਨਾ ਹੋਵੇਗੀ ਜੇ ਤੁਸੀਂ ਇਹਨਾਂ ਅਯੋਗਤਾ ਫਾਇਦੀਆਂ ਨੂੰ ਇਕੱਠਾ ਨਾ ਕਰਨ ਦੇ ਮਾਮਲੇ ਦੇ ਦੀ ਤੁਲਨਾ ਵਿੱਚ 65 ਸਾਲ ਦੀ ਉਮਰ ਤੋਂ ਪਹਿਲਾਂ CPP ਅਯੋਗਤਾ ਫਾਇਦੇ ਪ੍ਰਾਪਤ ਕਰਦੇ ਹੋ। ਕਿਉਂਕਿ CPP ਦਾ ਮੰਨਣਾ ਹੈ ਕਿ ਤੁਹਾਨੂੰ ਗੰਭੀਰ ਅਤੇ ਲੰਮੇ ਸਮੇਂ ਦੀ ਅਯੋਗਤਾ ਹੋਈ ਹੈ ਜੋ CPP ਕੋਸ਼ ਵਿੱਚ ਤੁਹਾਡੇ ਯੋਗਦਾਨਾਂ ਨੂੰ ਪ੍ਰਭਾਵਿਤ ਕਰਦੀ ਹੈ, ਤੁਹਾਡੇ ਆਖਰੀ CPP ਰੀਟਾਇਰਮੈਂਟ ਫਾਇਦੀਆਂ ਦਾ ਹਿਸਾਬ ਲਗਾਉਣ ਲਈ ਵਰਤੀ ਗਈ ਸਮਾਂ-ਸੀਮਾ ਦਾ ਸਮਾਯੋਜਨ ਕੀਤਾ ਜਾਵੇਗਾ, ਜੋ CPP ਤੋਂ ਤੁਹਾਡੀ ਰੀਟਾਇਰਮੈਂਟ ਪੈਨਸ਼ਨ ਦੀ ਰਕਮ ਨੂੰ ਬਚਾਵੇਗਾ।

**ਕੀ WCB ਭੱਤਾ ਨੁਕਸਾਨ ਫਾਇਦੀਆਂ ਵਿੱਚ ਬਦਲਾਵ ਮੇਰੇ WCB ਰੀਟਾਇਰਮੈਂਟ ਸਾਲਾਨਾ ਵਜ਼ੀਫੇ ਨੂੰ ਪ੍ਰਭਾਵਿਤ ਕਰਦਾ ਹੈ?**

ਤੁਹਾਡਾ WCB ਸਾਲਾਨਾ ਵਜ਼ੀਫਾ ਤੁਹਾਡੇ 65 ਸਾਲ ਦੇ ਹੋ ਜਾਣ ਸਮੇਂ ਘੱਟ ਹੋ ਸਕਦਾ ਹੈ। ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ ਰੀਟਾਇਰਮੈਂਟ ਸਾਲਾਨਾ ਵਜ਼ੀਫੇ ਸਿਰਲੇਖ ਵਾਲੀ WCB ਫੈਕਟ ਸ਼ੀਟ ਦਾ ਹਵਾਲਾ ਲਓ।

**ਜੇ ਮੈਨੂੰ ਵਧੇਰੀ ਜਾਣਕਾਰੀ ਚਾਹੀਦੀ ਹੈ ਤਾਂ ਮੈਂ ਕਿਸ ਨਾਲ ਗੱਲ ਕਰ ਸਕਦਾ/ਸਕਦੀ ਹਾਂ?**

ਜੇ ਤੁਸੀਂ WCB ਅਤੇ CPP ਅਯੋਗਤਾ ਫਾਇਦੀਆਂ ਨੂੰ ਸਮਾਨ ਸਮੇਂ ਤੇ ਪ੍ਰਾਪਤ ਕਰਨ ਬਾਰੇ ਵਧੇਰੀ ਜਾਣਕਾਰੀ ਚਾਹੁੰਦੇ ਹੋ – ਜਾਂ ਆਪਣੇ WCB ਰੀਟਾਇਰਮੈਂਟ ਸਾਲਾਨਾ ਵਜ਼ੀਫੇ ਉੱਤੇ ਅਨੁਮਾਨ ਚਾਹੁੰਦੇ ਹੋ – ਆਪਣੇ WCB ਮਾਮਲਾ ਪ੍ਰਬੰਧਕ ਨੂੰ ਕਾਲ ਕਰੋ।

ਇਸ ਦਾ ਅਨੁਮਾਨ ਲਗਾਉਣ ਦੀ ਕਿਰਿਆ ਸ਼ੁਰੂ ਕਰਨ ਲਈ ਕਿ CPP ਅਯੋਗਤਾ ਫਾਇਦੇ ਤੁਹਾਡੇ WCB ਮਜ਼ਦੂਰੀ ਨੁਕਸਾਨ ਫਾਇਦੀਆਂ ਤੇ ਕਿਵੇਂ ਅਸਰ ਪਾਉਣਗੇ, CPP ਨੂੰ ਕਾਲ ਕਰੋ ਅਤੇ ਉਹਨਾਂ ਨੂੰ ਪੁੱਛੋ ਕਿ ਜੇ ਤੁਸੀਂ ਪਾਤਰ ਬਣ ਜਾਓ ਤਾਂ ਤੁਹਾਡਾ ਅਯੋਗਤਾ ਫਾਇਦਾ ਕੀ ਹੋਵੇਗਾ। ਫੇਰ, ਤੁਸੀਂ ਹਿਸਾਬ ਪੂਰਾ ਕਰਵਾਉਣ ਲਈ ਇਸ ਨੂੰ ਆਪਣੇ WCB ਮਾਮਲਾ ਪ੍ਰਬੰਧਕ ਨੂੰ ਅੱਗੇ ਭੇਜ ਸਕਦੇ ਹੋ।

**ਮੈਂ ਅਰਜ਼ੀ ਕਿਵੇਂ ਦਿੰਦਾ/ਦਿੰਦੀ ਹਾਂ?**

CPP ਅਯੋਗਤਾ ਫਾਇਦੀਆਂ ਲਈ ਅਰਜ਼ੀ ਦੇਣ ਵਾਸਤੇ, ਤੁਹਾਡੇ ਅਤੇ ਤੁਹਾਡੇ ਡਾਕਟਰ ਲਈ ਵੱਖਰੇ-ਵੱਖਰੇ ਅਰਜ਼ੀ ਫਾਰਮਾਂ ਨੂੰ ਭਰਣਾ ਅਤੇ ਇਹਨਾਂ ਨੂੰ ਸਰਵਿਸ ਕੈਨੇਡਾ ਨੂੰ ਦਰਜ ਕਰਨਾ ਲਾਜ਼ਮੀ ਹੈ।

CPP ਕੋਲ ਇਕ ਅਪੀਲ ਕਿਰਿਆ ਹੈ ਜੇ ਤੁਸੀਂ ਆਪਣੀ ਅਰਜ਼ੀ ਉੱਤੇ ਉਹਨਾਂ ਦੇ ਫੈਸਲਿਆਂ ਦੇ ਨਾਲ ਰਜ਼ਾਮੰਦ ਨਹੀਂ ਹੁੰਦੇ ਹੋ। ਇਹ ਫਾਰਮ ਕਿਸੇ ਵੀ ਮਿਨਿਸਟਰ ਆਫ ਇੰਪਲਾਇਮੈਂਟ ਐਂਡ ਸੋਸ਼ਲ ਡੇਵਲਪਮੈਂਟ ਕੈਨੇਡਾ (Minister of Employment and Social Development Canada)(ESDC) ਦਫ਼ਤਰ ਤੋਂ ਲਏ ਜਾ ਸਕਦੇ ਹਨ ਅਤੇ ਤੁਹਾਡੇ ਸਥਾਨਕ ਸਰਵਿਸ ਕੈਨੇਡਾ ਸੈਂਟਰ ਰਾਹੀਂ ਜਮ੍ਹਾਂ ਕਰਵਾਏ ਜਾ ਸਕਦੇ ਹਨ।।

## ਮੈਨੂੰ CPP ਅਯੋਗਤਾ ਫਾਇਦੀਆਂ ਉੱਤੇ ਵਾਧੂ ਜਾਣਕਾਰੀ ਕਿੱਥੇ ਮਿਲਦੀ ਹੈ?

ਅੰਗਰੇਜ਼ੀ ਵਿੱਚ ਸੇਵਾ ਲਓ: ਟੌਲ ਫ੍ਰੀ ਨੰਬਰ 1-800-277-9914 ਤੇ ਫੋਨ ਕਰੋ
ਫਰੈਂਚ ਵਿੱਚ ਸੇਵਾ ਲਈ: 1-800-277-9915
TTY (ATS) ਉਪਕਰਣ: 1-800-255-4786

**ਔਨਲਾਈਨ**
ਪੰਜਾਬੀ:
www.esdc.gc.ca/en/cpp/disability/index.page

ਫਰੈਂਚ:
www.esdc.gc.ca/fr/rpc/invalidite/index.page

ਵਿਅਕਤੀਗਤ ਤੌਰ ਤੇ- ਇੱਕ ਸਰਵਿਸ ਕੈਨੇਡਾ ਕੇਂਦਰ ਵਿਖੇ ਜਾਓ

ਇਹ ਪ੍ਰਕਾਸ਼ਨ ਆਮ ਜਾਣਕਾਰੀ ਲਈ ਦਿੱਤਾ ਗਿਆ ਹੈ ਅਤੇ ਇਸਨੂੰ ਕਾਨੂੰਨੀ ਸਲਾਹ ਵਜੋਂ ਨਹੀਂ ਲਿਆ ਜਾਣਾ ਚਾਹੀਦਾ।